# ਇੰਟਰਾਵੇਨਸ (IV) ਆਇਰਨ ਇੰਫਿਊਜ਼ਨ

## ਮਰੀਜ਼ਾਂ, ਪਰਿਵਾਰਾਂ ਅਤੇ ਦੇਖਰੇਖਕਰਤਾਵਾਂ ਲਈ ਜਾਣਕਾਰੀ

ਇਹ ਇਸ਼ਤਿਹਾਰ ਆਇਰਨ ਇੰਫਿਊਜ਼ਨ ਬਾਰੇ ਕੁੱਝ ਆਮ ਸਵਾਲਾਂ ਦਾ ਜਵਾਬ ਦਿੰਦਾ ਹੈ। ਇਸ ਵਿੱਚ ਸਾਰੀ ਜਾਣਕਾਰੀ ਉਪਲੱਬਧ ਨਹੀਂ ਹੈ ਅਤੇ ਇਹ ਤੁਹਾਡੀ ਪਰਿਸਥਿਤੀ ਵਿੱਚ ਆਪਣੇ ਡਾਕਟਰ ਨਾਲ ਗੱਲਬਾਤ ਕਰਣ ਦਾ ਸਥਾਨ ਨਹੀਂ ਲੈਂਦਾ ਹੈ।

### ਆਇਰਨ ਕਿਉਂ ਮਹੱਤਵਪੂਰਣ ਹੈ?

ਸਾਡੇ ਸ਼ਰੀਰ ਨੂੰ ਆਇਰਨ ਦੀ ਲੋੜ ਹੁੰਦੀ ਹੈ। ਆਇਰਨ ਦਾ ਪ੍ਰਯੋਗ ਹੀਮੋਗਲੋਬਿਨ ਬਣਾਉਣ ਲਈ ਕੀਤਾ ਜਾਂਦਾ ਹੈ – ਸਾਡੇ ਲਾਲ ਬਲਡ ਸੈੱਲਾਂ ਦਾ ਉਹ ਭਾਗ ਜੋ ਸਾਡੇ ਸ਼ਰੀਰ ਵਿੱਚ ਆਕਸੀਜਨ ਲੈ ਜਾਂਦਾ ਹੈ। ਇਹ ਮਾਸਪੇਸ਼ੀਆਂ ਵਿੱਚ ਤਾਕਤ, ਊਰਜਾ ਅਤੇ ਚੰਗੀ ਮਾਨਸਿਕ ਪ੍ਰਕ੍ਰਿਆ ਲਈ ਵੀ ਮਹੱਤਵਪੂਰਣ ਹੈ। ਜੇਕਰ ਤੁਹਾਡੇ ਆਇਰਨ ਦੇ ਸਤਰ ਘੱਟ ਹਨ ਤਾਂ ਇਸ ਕਰਕੇ ਤੁਸੀ ਥਕੇ ਹੋਏ ਮਹਿਸੂਸ ਕਰ ਸੱਕਦੇ ਹੋ ਅਤੇ ਹੋ ਸਕਦਾ ਹੈ ਕਿ ਤੁਸੀ ਰੋਜ਼ਾਨਾਂ ਦੀਆਂ ਆਮ ਗਤੀਵਿਧੀਆਂ ਕਰਣ ਵਿੱਚ ਸਮਰੱਥ ਨਾ ਹੋਵੋ। ਜਿਵੇਂ-ਜਿਵੇਂ ਸ਼ਰੀਰ ਵਿੱਚ ਆਇਰਨ ਦੀ ਮਾਤਰਾ ਹੋਰ ਘੱਟ ਹੁੰਦੀ ਹੈ, ਹੀਮੋਗਲੋਬਿਨ ਦਾ ਸਤਰ ਆਮ ਨਾਲੋਂ ਘੱਟ ਹੋ ਜਾਂਦਾ ਹੈ। ਇਸਨੂੰ ਆਇਰਨ ਦੀ ਕਮੀ ਮਤਲਬ ਏਨੀਮਿਆ (ਰਕਤਹੀਨਤਾ) ਕਹਿੰਦੇ ਹਨ।

### ਮੈਨੂੰ IV ਆਇਰਨ ਦੀ ਲੋੜ ਕਿਉਂ ਪੈ ਸਕਦੀ ਹੈ?

ਆਇਰਨ ਦੀ ਕਮੀ ਦਾ ਇਲਾਜ ਕਰਣ ਦਾ ਸਭ ਤੋਂ ਆਮ ਤਰੀਕਾ ਗੋਲੀ ਜਾਂ ਤਰਲ ਪਦਾਰਥ ਦੇ ਰੂਪ ਵਿੱਚ ਮੂੰਹ ਤੋਂ ਆਇਰਨ ਦਾ ਸੇਵਨ ਕਰਨਾ ਹੈ। ਜ਼ਿਆਦਾਤਰ ਲੋਕਾਂ ਲਈ ਇਹ ਚੰਗੇ ਤਰੀਕੇ ਨਾਲ ਅਸਰ ਕਰਦਾ ਹੈ ਅਤੇ ਆਮ-ਤੌਰ ‘ਤੇ ਇਸਦਾ ਪ੍ਰਯੋਗ ਸਭ ਤੋਂ ਪਹਿਲਾਂ ਕੀਤਾ ਜਾਂਦਾ ਹੈ। ਹੋ ਸਕਦਾ ਹੈ ਕੁੱਝ ਲੋਕਾਂ ਨੂੰ ਨਸ ਰਾਹੀਂ ਸਿੱਧੇ ਸ਼ਰੀਰ ਵਿੱਚ ਆਇਰਨ ਦਿੱਤੇ ਜਾਣ ਦੀ ਲੋੜ ਪਵੇ। ਇਸਨੂੰ ਇੰਟਰਾਵੇਨਸ (IV) ਆਇਰਨ ਇੰਫਿਊਜ਼ਨ ਕਹਿੰਦੇ ਹਨ। ਆਇਰਨ ਸੂਈ ਦੁਆਰਾ ਦਿੱਤਾ ਜਾਂਦਾ ਹੈ ਅਤੇ ਤੁਹਾਡੀ ਨਸ ਵਿੱਚ ਪਾਇਆ (‘ਇੰਫਿਊਜ਼ਡ ਕੀਤਾ’) ਜਾਂਦਾ ਹੈ। ਕਦੇ-ਕਦੇ ਆਇਰਨ ਦੇ ਭੰਡਾਰਾਂ ਨੂੰ ਪੂਰਾ ਭਰਨ ਲਈ 2 ਆਇਰਨ ਇੰਫਿਊਜ਼ਨ (ਇਨ੍ਹਾਂ ਨੂੰ 1 ਹਫ਼ਤੇ ਦੇ ਅੰਤਰਾਲ ਵਿੱਚ ਦਿੱਤਾ ਜਾਂਦਾ ਹੈ) ਦੀ ਲੋੜ ਹੁੰਦੀ ਹੈ। ਇੰਫਿਊਜ਼ਨ ਆਇਰਨ ਤੋਂ ਬਣਾਇਆ ਜਾਂਦਾ ਹੈ, ਨਾ ਕਿ ਖ਼ੂਨ ਨਾਲ।

IV ਆਇਰਨ ਦੀ ਲੋੜ ਉਸ ਪਰਿਸਥਿਤੀ ਵਿੱਚ ਪੈ ਸਕਦੀ ਹੈ ਜੇਕਰ ਤੁਸੀਂ:

> ਆਇਰਨ ਦੀਆਂ ਗੋਲਿਆਂ / ਤਰਲ ਪਦਾਰਥ (ਸਿਰਪ) ਦਾ ਸੇਵਨ ਕਰਨ ਵਿੱਚ ਸਮੱਰਥ ਨਹੀਂ ਹੋ

> ਆਇਰਨ ਦੀਆਂ ਗੋਲਿਆਂ / ਤਰਲ ਪਦਾਰਥ ਦਾ ਤੁਹਾਡੇ ਤੇ ਅਸਰ ਨਹੀਂ ਹੋ ਰਿਹਾ ਹੈ ਜਾਂ ਤੁਸੀਂ ਇਨ੍ਹਾਂ ਦਾ ਸੇਵਨ ਨਹੀਂ ਕਰ ਪਾ ਰਹੇ ਹੋ

> ਤੁਹਾਡੇ ਲਈ ਇਹ ਜਰੂਰੀ ਹੈ ਕਿ ਜਲਦੀ ਹੀ ਤੁਹਾਡੇ ਆਇਰਨ ਦੇ ਸਤਰ ਵਧਾਏ ਜਾਣ (ਉਦਾਹਰਣ ਵਜੋਂ:, ਮੁੱਖ ਸਰਜਰੀ ਤੋਂ ਪਹਿਲਾਂ, ਗਰਭਾਵਸਥਾ ਦੇ ਆਖਰੀ ਪੜਾਅ ਵਿੱਚ ਜਾਂ ਬਲਡ ਟ੍ਰੈਂਸਫਯੂਜਨ ਤੋਂ ਬਚਨ ਲਈ)

> ਗੁਰਦੇ (ਕਿਡਨੀ) ਦੇ ਸਦੀਵੀ ਰੋਗ ਜਾਂ ਸਦੀਵੀ ਰੂਪ ਵਿੱਚ ਦਿਲ ਦੀ ਧੜਕਣ ਰੁਕਣ ਨਾਲ ਗ੍ਰਸਤ ਹੋ

ਤੁਹਾਡੇ ਡਾਕਟਰ ਨੂੰ ਇਹ ਦੱਸਣਾ ਚਾਹੀਦਾ ਹੈ ਕਿ ਤੁਹਾਨੂੰ IV ਆਇਰਨ ਦੀ ਲੋੜ ਕਿਉਂ ਹੈ ਅਤੇ ਹੋਰ ਵਿਕਲਪ ਕੀ ਹਨ?

### ਕੀ IV ਆਇਰਨ ਦੇ ਕੋਈ ਬੁਰੇ ਪ੍ਰਭਾਵ ਹਨ?

ਆਮ ਤੌਰ ‘ਤੇ, ਜੇਕਰ ਬੁਰੇ ਪ੍ਰਭਾਵ ਹੁੰਦੇ ਹਨ, ਤਾਂ ਉਹ ਹਲਕੇ ਹੁੰਦੇ ਹਨ ਅਤੇ ਆਪਣੇ ਆਪ ਦੂਰ ਹੋ ਜਾਂਦੇ ਹਨ। ਸਭ ਤੋਂ ਆਮ ਬੁਰੇ ਪ੍ਰਭਾਵ ਅਸਥਾਈ ਹੁੰਦੇ ਹਨ ਅਤੇ ਇਨ੍ਹਾਂ ਵਿੱਚ ਸ਼ਾਮਲ ਹਨ:

> ਸਿਰ ਦਰਦ, ਬੀਮਾਰ ਮਹਿਸੂਸ ਕਰਨਾ ਜਾਂ ਉਲਟੀ ਆਉਣਾ, ਮਾਸਪੇਸ਼ਿਆਂ ਜਾਂ ਜੋੜੀਆਂ ਵਿੱਚ ਦਰਦ

> ਸਵਾਦ ਵਿੱਚ ਪਰਿਵਰਤਨ (ਜਿਵੇਂ ਕਿ ਧਾਤੀ)

> ਬਲੱਡ ਪ੍ਰੈਸ਼ਰ (BP) ਜਾਂ ਨਾੜੀ ਵਿੱਚ ਪਰਿਵਰਤਨ

ਚਮੜੀ ਤੇ ਦਾਗ ਪੈਣੇ (ਭੂਰੇ ਰੰਗ ਦੇ ਧੱਬੇ) – ਅਜਿਹਾ ਸੂਈ ਲਗਾਉਣ (ਡਰਿਪ) ਦੀ ਥਾਂ ਦੇ ਆਲੇ-ਦੁਆਲੇ ਮਾਸ-ਤੰਤੂਵਾਂ ਵਿੱਚ ਆਇਰਨ ਦਾ ਰਸਾਵ ਹੋਣ ਨਾਲ ਹੋ ਸਕਦਾ ਹੈ। ਇਹ ਆਮ ਨਹੀਂ ਹੈ ਪਰ ਧੱਬਾ ਲੰਬੇ ਸਮੇਂ ਤੱਕ ਰਹਿਣ ਵਾਲਾ ਜਾਂ ਸਥਾਈ ਹੋ ਸਕਦਾ ਹੈ। ਜੇਕਰ ਸੂਈ ਲਗਾਉਣ (ਡਰਿਪ) ਦੀ ਥਾਂ ‘ਤੇ ਕੋਈ ਦਰਦ, ਜਲਨ, ਲਾਲਿਮਾ ਜਾਂ ਸੋਜ ਹੋਵੇ ਤਾਂ ਤੁਰੰਤ ਡਾਕਟਰ ਜਾਂ ਨਰਸ ਨੂੰ ਦੱਸੋ।

ਹਾਲਾਂਕਿ ਇਹ ਬਹੁਤ ਅਸਧਾਰਣ ਹੈ, ਪਰ ਕੁੱਝ ਲੋਕਾਂ ਵਿੱਚ ਗੰਭੀਰ ਐਲਰਜੀ ਸੰਬੰਧੀ ਪ੍ਰਤੀਕ੍ਰਿਆ ਹੋ ਸਕਦੀ ਹੈ। ਬਿਰਲੇ ਮਾਮਲੀਆਂ ਵਿੱਚ, ਇਹ ਜਾਨਲੇਵਾ ਹੋ ਸਕਦੀ ਹੈ। IV ਆਇਰਨ ਦਿੱਤੇ ਜਾਂਦੇ ਸਮੇਂ ਅਤੇ ਇਸਦੇ ਬਾਅਦ 30 ਮਿੰਟ ਲਈ ਤੁਹਾਡੇ ‘ਤੇ ਬਰਾਬਰ ਨਜ਼ਰ ਰੱਖੀ ਜਾਵੇਗੀ।

**ਕਦੇ-ਕਦੇ ਬੁਰੇ ਪ੍ਰਭਾਵ** (ਉਦਾਹਰਣ ਵਜੋਂ: ਸਿਰ ਦਰਦ, ਮਾਸਪੇਸ਼ੀਆਂ ਜਾਂ ਜੋੜੀਆਂ ਦਾ ਦਰਦ) 1 ਜਾਂ 2 ਦਿਨ ਬਾਅਦ ਸ਼ੁਰੂ ਹੋ ਸਕਦੇ ਹਨ। ਜ਼ਿਆਦਾਤਰ ਇਹ ਅਗਲੇ ਕੁੱਝ ਦਿਨਾਂ ‘ਚ ਆਪਣੇ ਆਪ ਦੂਰ ਹੋ ਜਾਣਗੇ। ਜੇਕਰ ਇਸਨੂੰ ਲੈ ਕੇ ਤੁਹਾਨੂੰ ਚਿੰਤਾ ਹੈ ਜਾਂ ਇਸਤੋਂ ਤੁਹਾਡੀ ਰੋਜ਼ਾਨਾ ਦੀਆਂ ਗਤੀਵਿਧੀਆਂ ਵਿੱਚ ਬਾਧਾ ਪੈਂਦੀ ਹੈ ਤਾਂ ਸਲਾਹ ਲਈ ਆਪਣੇ ਡਾਕਟਰ ਜਾਂ ਇੰਫਿਊਜ਼ਨ ਸੇਂਟਰ ਨਾਲ ਸੰਪਰਕ ਕਰੋ। **ਜੇਕਰ ਤੁਹਾਡੀ ਛਾਤੀ ਵਿੱਚ ਦਰਦ ਹੈ, ਤੁਹਾਨੂੰ ਸਾਹ ਲੈਣ ਵਿੱਚ ਕਠਿਨਾਈ ਹੋ ਰਹੀ ਹੈ, ਤੁਹਾਨੂੰ ਚੱਕਰ ਆ ਰਹੇ ਹਨ ਜਾਂ ਤੁਹਾਡੀ ਗਰਦਨ / ਤੁਹਾਡੇ ਮੂੰਹ ਵਿੱਚ ਸੋਜ ਹੈ, ਤਾਂ ਕ੍ਰਿਪਾ ਕਰਕੇ ਤੁਰੰਤ ਹੀ ਮੈਡੀਕਲ ਸਲਾਹ ਲਵੋ / ਐਂਬੂਲੇਂਸ (000) ਨੂੰ ਕਾਲ ਕਰੋ।**

Government of South Australia
SA Health

© Department for Health and Wellbeing, Government of South Australia.
All rights reserved. *BloodSafe TP-L3-416 v2.1 October 2023*

## ਆਪਣੇ ਡਾਕਟਰ ਨੂੰ ਕੀ ਦੱਸੋ

ਤੁਹਾਨੂੰ ਹੇਠਾਂ ਦਿੱਤੀਆਂ ਪਰਿਸਥਿਤੀਆਂ ਦੀ ਜਾਣਕਾਰੀ ਤੁਹਾਡਾ ਆਇਰਨ ਇੰਫਿਊਜ਼ਨ ਕਰਨ ਵਾਲੇ ਡਾਕਟਰ ਅਤੇ ਸੇਂਟਰ ਨੂੰ ਦੇਣੀ ਚਾਹੀਦੀ ਹੈ:

- ☐ ਜੇਕਰ ਤੁਸੀਂ ਗਰਭਵਤੀ ਹੋ/ ਗਰਭਵਤੀ ਬਣਨ ਦੀ ਕੋਸ਼ਿਸ਼ ਕਰ ਰਹੀ ਹੋ। ਗਰਭਾਵਸਥਾ ਦੀ ਪਹਿਲੀ ਤਿਮਾਹੀ ਵਿੱਚ IV ਆਇਰਨ ਤੋਂ ਬਚਾਓ ਕਰਨਾ ਚਾਹੀਦਾ ਹੈ।
- ☐ ਜੇਕਰ ਤੁਹਾਨੂੰ ਦਮਾ, ਏਕਜ਼ੀਮਾ (ਖੁਜਲੀ) ਜਾਂ ਹੋਰ ਤਰ੍ਹਾਂ ਦੀ ਐਲਰਜੀਆਂ ਰਹਿੰਦੀਆਂ ਹਨ।
- ☐ ਜੇਕਰ ਪਹਿਲਾਂ ਤੁਹਾਨੂੰ ਆਇਰਨ ਇੰਜੇਕਸ਼ਨ ਦੇ ਕਿਸੇ ਪ੍ਰਕਾਰ ਜਾਂ ਇੰਫਿਊਜ਼ਨ ਨਾਲ ਕੋਈ ਪ੍ਰਤੀਕ੍ਰਿਆ ਰਹੀ ਹੋਵੇ।
- ☐ ਜੇਕਰ ਤੁਹਾਡੇ ਆਇਰਨ ਦੇ ਸਤਰ ਵੱਧ ਰਹਿੰਦੇ ਹਨ ਅਤੇ ਤੁਹਾਨੂੰ ਹੀਮੋਕਰੋਮੇਟੋਸਿਸ ਹੈ ਅਤੇ ਤੁਹਾਡੇ ਲਿਵਰ (ਜਿਗਰ) ਦੀਆਂ ਸਮੱਸਿਆਵਾਂ ਵੱਧ ਰਹਿੰਦੀਆਂ ਹਨ।
- ☐ ਜੇਕਰ ਤੁਸੀਂ ਕੋਈ ਦਵਾਈ ਖਾ ਰਹੇ ਹੋ (ਹਰਬਲ ਅਤੇ ਬਿਨਾਂ ਪ੍ਰਿਸਕ੍ਰਿਪਸ਼ਨ ਕਾਊਂਟਰ ਤੋਂ ਖਰੀਦੀ ਜਾ ਸਕਣ ਵਾਲੀਆਂ ਦਵਾਈਆਂ)।
- ☐ ਜੇਕਰ ਤੁਹਾਨੂੰ ਇਸ ਸਮੇਂ ਕੋਈ ਛੂਤ ਹੋਵੇ (ਜਾਂ ਸ਼ਾਇਦ ਹੋਵੇ)।

## ਆਪਣੇ ਡਾਕਟਰ ਤੋਂ ਕੀ ਪੁੱਛੋ

ਹੋ ਸਕਦਾ ਹੈ ਕਿ ਤੁਸੀਂ ਹੇਠਾਂ ਬਾਰੇ ਆਪਣੇ ਡਾਕਟਰ ਨਾਲ ਗੱਲਬਾਤ ਕਰਨਾ ਚਾਹੋ:

- ☐ ਮੈਨੂੰ IV ਆਇਰਨ ਦੀ ਲੋੜ ਕਿਉਂ ਹੈ?
- ☐ ਹੋਰ ਵਿਕਲਪ ਕੀ ਹਨ?
- ☐ ਆਇਰਨ ਇੰਫਿਊਜ਼ਨ ਵਿੱਚ ਕਿਨ੍ਹਾਂ ਸਮਾਂ ਲਗੇਗਾ?
- ☐ ਲੋੜੀਂਦਾ ਆਇਰਨ ਲੈਣ ਲਈ ਮੈਨੂੰ ਕਿਨ੍ਹੇ ਆਇਰਨ ਇੰਫਿਊਜ਼ਨ ਲੈਣੇ ਹੋਣਗੇ?
- ☐ (ਜੇਕਰ ਤੁਸੀਂ ਫਿਲਹਾਲ ਆਇਰਨ ਦੀ ਕੋਈ ਗੋਲਿਆਂ ਖਾ ਰਹੇ ਹੋ), ਮੈਂ ਆਇਰਨ ਦੀਆਂ ਗੋਲਿਆਂ ਖਾਣਾ ਕੱਦ ਬੰਦ ਕਰਾਂ ਅਤੇ ਕੀ ਮੈਨੂੰ ਇਨ੍ਹਾਂ ਦਾ ਦੋਬਾਰਾ ਪ੍ਰਯੋਗ ਕਰਨ ਦੀ ਲੋੜ ਪਵੇਗੀ?
- ☐ ਆਇਰਨ ਨੂੰ ਅਸਰ ਕਰਨ ਵਿੱਚ ਕਿਨ੍ਹਾਂ ਸਮਾਂ ਲਗੇਗਾ?
- ☐ ਕਿਸੇ ਅਜਿਹੇ ਬੁਰੇ ਪ੍ਰਭਾਵਾਂ ਨਾਲ ਸੰਬੰਧਤ ਕੋਈ ਸਵਾਲ ਜਿਨ੍ਹਾਂ ਨੂੰ ਲੈ ਕੇ ਤੁਹਾਨੂੰ ਚਿੰਤਾ ਹੈ (ਪਿੱਛਲੇ ਭਾਗ ਵਿੱਚ ਆਮ ਸੂਚੀ ਦਿੱਤੀ ਗਈ ਹੈ)।

## ਉਸ ਦਿਨ ਕੀ ਹੁੰਦਾ ਹੈ?

ਆਇਰਨ ਇੰਫਿਊਜ਼ਨ ਵਾਲੇ ਦਿਨ ਦੀ ਤਿਆਰੀ ਕਰਣ ਲਈ ਅਜਿਹਾ ਕੁੱਝ ਖਾਸ ਨਹੀਂ ਹੈ ਜੋ ਤੁਹਾਨੂੰ ਕਰਣ ਦੀ ਲੋੜ ਹੈ (ਉਦਾਹਰਣ ਵਜੋਂ: ਤੁਹਾਡੇ ਲਈ ਵਰਤ ਰੱਖਣਾ ਜਰੂਰੀ ਨਹੀਂ ਹੈ)। ਬਸ਼ਰਤੇ ਕਿ ਤੁਹਾਨੂੰ ਅਚਾਨਕ ਕੋਈ ਪ੍ਰਤੀਕਿਰਆ ਨਹੀਂ ਹੁੰਦੀ ਹੈ, ਤੁਸੀ ਗੱਡੀ ਚਲਾਕੇ ਘਰ ਜਾ ਸੱਕਦੇ ਹੋ ਅਤੇ ਆਪਣੇ ਆਮ ਕੰਮ ਕਰ ਸੱਕਦੇ ਹੋ। ਇੰਫਿਊਜ਼ਨ ਸੇਂਟਰ ਜਾਣ ਤੋਂ ਪਹਿਲਾਂ, ਯਕੀਨੀ ਬਣਾਓ ਕਿ ਤੁਹਾਡੇ ਕੋਲ:

> ਚਿੰਤਾਵਾਂ ਜਾਂ ਸਵਾਲ ਸਾਮ੍ਹਣੇ ਆਉਣ ਦੀ ਸਥਿਤੀ ਵਿੱਚ ਸੰਪਰਕ ਨੰਬਰ ਹੈ

> ਅੱਗੇ ਦੇ ਟੈਸਟ ਅਤੇ/ਜਾਂ ਅਪਾਇੰਟਮੇਂਟਾਂ ਦੀਆਂ ਤਰੀਕਾਂ ਹਨ

### ਮੇਰੇ IV ਆਇਰਨ ਇੰਫਿਊਜ਼ਨ ਦੇ ਵੇਰਵੇ:

ਆਇਰਨ ਦਾ ਨਾਂ: ..........

ਇੰਫਿਊਜ਼ਨ ਦੀ ਤਰੀਕ(ਕਾਂ)/ ਸਮਾਂ(ਮੇਂ) ..........

..........

ਥਾਂ: ..........

ਸੰਪਰਕ ਫੋਨ ਨੰਬਰ: ..........

IV ਆਇਰਨ ਦੇ ਬਾਅਦ ਬਲਡ ਟੈਸਟ ਜਾਂ ਸਮੀਖਿਆ ਦੀ ਤਰੀਕ(ਕਾਂ): ..........

..........

ਟਿੱਪਣੀਆਂ ..........

..........

..........

**ਵਧੇਰੀ ਜਾਣਕਾਰੀ ਲਈ:**

ਆਪਣੇ ਡਾਕਟਰ / ਇੰਫਿਊਜ਼ਨ ਸੇਂਟਰ ਨਾਲ ਗੱਲਬਾਤ ਕਰ

© Department for Health and Wellbeing, Government of South Australia. All rights reserved. *BloodSafe TP-L3-416 v2.1 October 2023*

Government of South Australia

SA Health

The English language version of this document has been reviewed and endorsed by CAG* for consumers and the community – October 2023

*SA Health Community Advisory Group

BloodSafe

ਮਰੀਜ਼ਾਂ ਲਈ ਸਮੱਗਰੀ ਇਸ ਵੈੱਬ-ਸਾਈਟ 'ਤੇ ਉਪਲਬਧ ਹੈ: www.sahealth.sa.gov.au/bloodorgantissue